# 2022 ਵਿਚ ਅੰਗ ਦਾਨ & ਟ੍ਰਾਂਸਪਲਾਂਟ ਬਾਰੇ ਸੁਰਖੀਆਂ

## 2022 Donation & Transplant Highlights

BC TRANSPLANT
Provincial Health Services Authority

**465** 2022 ਵਿਚ ਟ੍ਰਾਂਸਪਲਾਂਟ ਕੀਤੇ ਗਏ।

ਅੰਗ ਦਾਨ ਕਰਨ ਵਾਲਿਆਂ ਦਾ ਧੰਨਵਾਦ:

**159*** ਮਿਰਤਕ ਦਾਨੀ

**74** ਗੁਰਦੇ ਦਾਨ ਕਰਨ ਵਾਲੇ ਜ਼ਿੰਦਾ ਦਾਨੀ

**25** ਦਿਲ ਦੇ ਟ੍ਰਾਂਸਪਲਾਂਟ

**54** ਫੇਫੜਿਆਂ ਦੇ ਟ੍ਰਾਂਸਪਲਾਂਟ

**288** ਗੁਰਦਿਆਂ ਦੇ ਟ੍ਰਾਂਸਪਲਾਂਟ

**101*** ਜਿਗਰ ਦੇ ਟ੍ਰਾਂਸਪਲਾਂਟ

ਇਨ੍ਹਾਂ ਨੰਬਰਾਂ ਵਿਚ 5 ਬਹੁ ਅੰਗੀ ਟ੍ਰਾਂਸਪਲਾਂਟ ਸ਼ਾਮਲ ਹਨ (1 ਦਿਲ/ਗੁਰਦਾ, 2 ਪਾਚਕ ਗ੍ਰੰਥੀ/ਗੁਰਦਾ, 2 ਗੁਰਦਾ/ਜਿਗਰ)

ਹਸਪਤਾਲਾਂ ਵੱਲੋਂ ਭੇਜੇ ਗਏ ਸੰਭਾਵੀ ਦਾਨੀ *

**875 ਲੱਖ**

**1.58 ਲੱਖ** ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੇ ਅੰਗ ਦਾਨ ਕਰਨ ਦਾ ਫੈਸਲਾ ਰਜਿਸਟਰ ਕਰਵਾਇਆ ਹੈ

**5,863** ਟ੍ਰਾਂਸਪਲਾਂਟ ਕਰਵਾਉਣ ਵਾਲੇ ਬੀ.ਸੀ. ਵਿਚ ਦੇਖਭਾਲ ਹੇਠ ਹਨ

ਅਸੀਂ ਬੀ.ਸੀ. ਦੀਆਂ ਸਿਹਤ ਸੰਭਾਲ ਟੀਮਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਅੰਗ ਦਾਨ ਅਤੇ ਟ੍ਰਾਂਸਪਲਾਂਟ ਨੂੰ ਮੁੱਖ ਅਤੇ ਸੈਂਟਰ ਵਿਚ ਰੱਖ ਕੇ ਰਿਕਾਰਡ ਨੰਬਰ ਦੇ ਦਾਨੀਆਂ ਅਤੇ ਟ੍ਰਾਂਸਪਲਾਂਟ ਕਰਵਾਉਣ ਵਾਲਿਆਂ ਦੀ ਸਹਾਇਤਾ ਕੀਤੀ।

ਅੰਗ ਦਾਨੀ ਹੋਣ ਲਈ ਇੱਥੇ ਰਜਿਸਟਰ ਕਰਵਾਓ

**transplant.bc.ca**

* ਰਿਕਾਰਡ

*ਜਨਵਰੀ 1-ਦਸੰਬਰ 31, 2022

BC TRANSPLANT
Provincial Health Services Authority

# ਬੀ.ਸੀ. ਵਿਚ ਅੰਗ ਦਾਨ ਅਤੇ ਟ੍ਰਾਂਸਪਲਾਂਟ ਬਾਰੇ ਤੱਥ

## ਕੀ ਤੁਹਾਨੂੰ ਪਤਾ ਹੈ ?

1. ਬੀ.ਸੀ. ਟ੍ਰਾਂਸਪਲਾਂਟ ਦੀ ਅੰਗ ਦਾਨ ਕਰਨ ਵਾਲਿਆਂ ਦੀ ਰਜਿਸਟਰੀ ਤੁਹਾਡੇ ਵੱਲੋਂ ਅੰਗ ਦਾਨ ਕਰਨ ਦੇ ਫੈਸਲੇ ਦਾ ਸਰਕ-ਾਰੀ ਰਿਕਾਰਡ ਹੁੰਦਾ ਹੈ। ਜੇ ਤੁਸੀਂ ਰਜਿਸਟਰਡ ਨਹੀਂ ਹੋ ਤਾਂ ਤੁਹਾਡਾ ਪਰਵਾਰ ਤੁਹਾਡੇ ਲਈ ਫੈਸਲਾ ਕਰੇਗਾ।
2. ਤੁਹਾਡੇ ਵੱਲੋਂ ਅੰਗ ਦਾਨ ਕਰਨ ਨਾਲੋਂ ਟ੍ਰਾਂਸਪਲਾਂਟ ਕਰਵਾਉਣ ਦੀ **ਸੰਭਾਵਨਾ ਜ਼ਿਆਦਾ ਹੈ।**
3. ਇੱਕ ਅੰਗ ਦਾਨੀ 8 ਤੱਕ ਲੋਕਾਂ ਨੂੰ ਬਚਾਅ ਸਕਦਾ ਹੈ।
4. ਹਸਪਤਾਲਾਂ ਵਿਚ ਸਿਰਫ਼ **1-2% ਮੌਤਾਂ** ਹੀ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਅੰਗ ਦਾਨ ਕੀਤੇ ਜਾ ਸਕਦੇ ਹਨ।
5. **ਇੱਕ ਅੰਗ ਦਾਨੀ ਬਣਨ ਲਈ** ਵਿਅਕਤੀ ਹਸਪਤਾਲ ਦੀ ਆਈ. ਸੀ.ਯੂ. ਯੂਨਿਟ ਵਿਚ ਅਤੇ ਵੈਂਟੀਲੇਟਰ ਤੇ ਹੋਣਾ ਚਾਹੀਦਾ ਹੈ।
6. ਅੰਗ ਦਾਨ ਬਾਰੇ ਸਿਰਫ਼ ਉਸ ਸਮੇਂ ਹੀ ਸੋਚਿਆ ਜਾਏਗਾ ਜਦੋਂ **ਜਾਨ ਬਚਾਉਣ ਦੇ ਸਾਰੇ ਜਤਨਾਂ ਤੋਂ ਬਾਅਦ** ਇਹ ਨਿਸ਼ਚਿਤ ਹੋ ਜਾਏ ਕਿ ਵਿਅਕਤੀ ਨਹੀਂ ਬਚੇਗਾ।
7. **ਦੋ ਡਾਕਟਰਾਂ** (ਜੋ ਟ੍ਰਾਂਸਪਲਾਂਟ ਕਰਨ ਵਿਚ ਸ਼ਾਮਲ ਨਹੀਂ) ਵੱਲੋਂ ਮੌਤ ਦੇ ਐਲਾਨ ਬਾਅਦ ਹੀ ਅੰਗ ਦਾਨ ਦਾ ਪ੍ਰੋਸੀਜਰ ਸ਼ੁਰੂ ਕੀਤਾ ਜਾ ਸਕਦਾ ਹੈ।
8. **ਜੇ ਤੁਹਾਡੀ ਸਰੀਰਕ ਹਾਲਤ ਇਜਾਜ਼ਤ ਦਿੰਦੀ ਹੈ** ਤਾਂ ਤੁਸੀਂ ਫਿਰ ਵੀ ਅੰਗ ਦਾਨ ਕਰ ਸਕਦੇ ਹੋ। ਆਪਣਾ ਫ਼ੈਸਲਾ ਰਜਿਸਟਰ ਕਰਵਾਓ ਅਤੇ ਵਿਸ਼ੇਸ਼ੱਗ ਇਹ ਨਿਰਧਾਰਤ ਕਰਨਗੇ ਕਿ ਤੁਸੀਂ ਅੰਗ ਦਾਨ ਕਰ ਸਕਦੇ ਹੋ।
9. ਅੰਗ ਦਾਨ ਕਰਨ ਲਈ ਰਜਿਸਟਰ ਹੋਣ ਲਈ ਉਮਰ ਦੀ ਕੋਈ ਸੀਮਾ ਨਹੀਂ। ਕੈਨੇਡਾ ਵਿਚ ਸਭ ਤੋਂ ਬਜ਼ੁਰਗ ਅੰਗ ਦਾਨੀ 92 ਸਾਲ ਦਾ ਸੀ।
10. **ਕੋਈ ਵੀ ਆਪਣਾ ਫ਼ੈਸਲਾ ਰਜਿਸਟਰ ਕਰਵਾ ਸਕਦਾ ਹੈ।** 19 ਸਾਲ ਤੋਂ ਛੋਟਾ ਕੋਈ ਵੀ ਅੰਗ ਦਾਨ ਰਜਿਸਟਰੀ ਵਿਚ ਅੰਗ ਦਾਨ ਕਰਨ ਦੀ ਇੱਛਾ ਰਜਿਸਟਰ ਕਰਵਾ ਸਕਦਾ ਹੈ।
11. **ਤੁਸੀਂ ਸਿਰਫ਼ ਇੱਕ ਵਾਰ ਰਜਿਸਟਰ ਹੋਣਾ ਹੈ।**
12. ਇੱਕ ਵਾਰ ਆਪਣਾ ਫ਼ੈਸਲਾ ਰਜਿਸਟਰ ਕਰਵਾਉਣ ਤੋਂ ਬਾਅਦ **ਆਪਣੇ ਨਜ਼ਦੀਕੀਆਂ ਨੂੰ** ਆਪਣੀ ਇੱਛਾ ਬਾਰੇ ਦੱਸਣ ਲਈ ਸਮਾਂ ਕੱਢੋ।
13. ਤੁਸੀਂ ਰਜਿਸਟਰ ਹੋਏ ਹੋ ਬਾਰੇ ਯਕੀਨ ਨਹੀਂ? ਇੱਥੇ **transplant.bc.ca** ਜਾ ਕੇ ਆਪਣੇ ਹੈਲਥ ਕੇਅਰ ਨੰਬਰ ਨਾਲ ਆਨਲਾਈਨ ਚੈੱਕ ਕਰੋ।

> "ਸਾਨੂੰ ਬੜੀ ਖ਼ੁਸ਼ੀ ਹੈ ਕਿ ਅਸੀਂ ਮੈਟੀਸ ਦੀਆਂ ਅੰਗ ਦਾਨੀ ਬਣਨ ਦੀਆਂ ਇੱਛਾਵਾਂ ਦਾ ਸਨਮਾਨ ਕਰ ਸਕੇ ਹਾਂ। ਉਸ ਦੇ ਦਾਨ ਨੇ ਸਾਡੀਆਂ ਜ਼ਿੰਦਗੀਆਂ ਬਦਲ ਦਿੱਤੀਆਂ ਹਨ ਅਤੇ ਅੰਗ ਪ੍ਰਾਪਤ ਕਰਨ ਵਾਲੇ 4 ਵਿਅਕਤੀਆਂ ਲਈ ਸ਼ਾਨਦਾਰ ਤੋਹਫ਼ੇ ਸਨ। ਉਸ ਦੇ ਆਖ਼ਰੀ ਤੋਹਫ਼ੇ ਉਸਦੇ ਪਿਆਰ ਅਤੇ ਖ਼ੁਸ਼ੀ ਨੂੰ ਪ੍ਰਗਟ ਕਰਦੇ ਹਨ"।
>
> **ਰਿਕ ਅਤੇ ਨੋਰੀਨ ਵੁਡਫ਼ੋਰਡ ਅੰਗ ਦਾਨੀ ਦੇ ਮਾਪੇ**

FLOWCODE
PRIVACY.FLOWCODE.COM

**ਇੱਥੇ ਅੰਗ ਦਾਨੀ ਵਜੋਂ ਰਜਿਸਟਰ ਹੋਵੋ**
**transplant.bc.ca**

**#ਦੋ ਮਿੰਟ ਲਗਾਓ ਅਤੇ ਇੱਕ ਜਾਨ ਬਚਾਓ**


**ਸਾਨੂੰ ਸੰਪਰਕ ਕਰੋ**
info@bct.phsa.ca
1-800-663-6189 or 604-877-2240

@BCTransplant
@BC_Transplant
@BC_Transplant